**State Council of Educational Research & Training, Punjab**
Block-E, 6th Floor, Punjab School Education Board Complex
Phase 8, Sector 62, Mohali,160062 Punjab
Phone: 0172-2212221, Fax: 0172-2212793,Website:*www.scertpunjab.ac.in*

**ਵੱਲ**

ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿ.)
ਸਮੂਹ ਮਿਡਲ ਅਤੇ ਹਾਈ ਸਕੂਲ ਮੁੱਖੀ (ਵੈਬਸਾਇਟ ਰਾਹੀਂ)
ਪੰਜਾਬ।

**ਮੀਮੋ ਨੰ: ਐਸ.ਸੀ.ਈ.ਆਰ.ਟੀ./ਸਸਅ/2018/** ੨੦੧੮੧੫੯੮ - ੧੬੫੫
**ਮਿਤੀ:** ੦੨.੦੨.੧੮

**ਵਿਸ਼ਾ:- 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ- ਅੰਗਰੇਜ਼ੀ' ਪ੍ਰੋਜੈਕਟ ਅਧੀਨ ਸਕੂਲ, ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਪ੍ਰਤੀਯੋਗਤਾ ਕਰਵਾਉਣ ਸਬੰਧੀ।**

1. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2. ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਸਕੂਲ ਸਿੱਖਿਆ ਵਿਭਾਗ ਵੱਲੋਂ, ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਪ੍ਰੋਗਰਾਮ ਤਹਿਤ ਅੱਪਰ ਪ੍ਰਾਇਮਰੀ ਸਕੂਲ ਵਿੱਚ ਪੜ੍ਹਦੇ ਛੇਵੀਂ, ਸੱਤਵੀਂ ਅਤੇ ਅੱਠਵੀਂ ਦੇ ਵਿਦਿਆਰਥੀਆਂ ਦਾ ਸਕੂਲ, ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਅੰਗਰੇਜ਼ੀ ਦੇ 1000 high frequency words ਸਬੰਧੀ ਵੱਖ-ਵੱਖ ਪ੍ਰਤੀਯੋਗਤਾਵਾਂ ਕਰਵਾਈਆਂ ਜਾਣੀਆਂ ਹਨ।

| ਲੜੀ ਨੰ | ਸਮਾਂ ਸਾਰਨੀ ਤੇ ਸਥਾਨ | ਮੁਕਾਬਲੇ ਦਾ ਨਾਂ | ਭਾਗ ਲੈਣ ਵਾਲੇ ਵਿਦਿਆਰਥੀ |
|---|---|---|---|
| 1. | 09.02.2018<br>ਸਮੂਹ ਸਕੂਲਾਂ ਵਿੱਚ | **ਸਕੂਲ ਪੱਧਰ :-**<br>**Name of Activity**<br>1) **Words in your Pocket**<br>ਵਿਦਿਆਰਥੀ 1000 ਸ਼ਬਦਾਂ ਵਿੱਚੋਂ ਜਿੰਨੇ ਸ਼ਬਦ ਵੱਧ ਤੋਂ ਵੱਧ ਜ਼ੁਬਾਨੀ ਲਿਖ ਸਕਣ।<br>6ਵੀਂ , 7ਵੀਂ ਅਤੇ 8ਵੀਂ ਹਰੇਕ ਜਮਾਤ ਵਿੱਚੋਂ ਇੱਕ ਜੇਤੂ ਬੱਚਾ, ਬਲਾਕ ਪੱਧਰ ਤੇ ਭਾਗ ਲਵੇਗਾ। | 6ਵੀ , 7ਵੀਂ ਅਤੇ 8ਵੀਂ ਜਮਾਤ ਦੇ ਸਮੂਹ ਵਿਦਿਆਰਥੀ |
| 2. | 12.02.2018<br>(ਬਲਾਕ ਪੱਧਰ ਦੀ ਇਸ ਪ੍ਰਤੀਯੋਗਤਾ ਦਾ ਸਥਾਨ ਡੀ.ਐਮ (ਅੰਗਰੇਜ਼ੀ) ਜਿ.ਸਿ.ਅ.(ਸੈ.ਸਿ.) ਨਾਲ ਮਿਲ ਕੇ ਨਿਰਧਾਰਿਤ ਕਰਨਗੇ। | **ਬਲਾਕ ਪੱਧਰ:-**<br>**Name of Activities**<br>1.) **Word Power :**<br>ਵਿਦਿਆਰਥੀਆਂ ਨੇ Box 'ਚ ਪਈਆਂ slips ਵਿੱਚੋਂ ਇੱਕ ਨੂੰ ਚੁਣ ਕੇ , ਉਸ ਵਿੱਚ ਲਿਖੇ ਹੋਏ 5 ਸ਼ਬਦਾਂ ਨੂੰ ਪੜ੍ਹਨਾ ਅਤੇ ਉਹਨਾਂ ਦਾ ਅਰਥ (ਪੰਜਾਬੀ /ਹਿੰਦੀ) ਵੀ ਦੱਸਣਾ ਹੋਵੇਗਾ।<br>2. **Spellathon**<br>ਇਸ ਵਿੱਚ ਅਧਿਆਪਕ, 5-5 ਸ਼ਬਦ ਨੂੰ ਬੋਲ ਕੇ ਦੱਸੇਗਾ। ਉਨ੍ਹਾਂ ਸ਼ਬਦ ਦੇ ਵਿਦਿਆਰਥੀ ਨੇ ਸਹੀ Spelling ਦੱਸਣੇ ਹੋਣਗੇ।<br>3. **Complete the Word:-**<br>ਇਸ ਵਿੱਚ ਜਿੰਨੀਆਂ ਬਲਾਕ ਪੱਧਰ ਤੇ ਭਾਗ ਲੈਣ ਵਾਲੀਆਂ ਟੀਮਾਂ ਹੋਣਗੀਆਂ ਉਹਨਾਂ ਨੂੰ 5 Words (with missing letters) ਦੀ ਲਿਸਟ ਦਿੱਤੀ ਜਾਵੇਗੀ। ਹਰੇਕ ਟੀਮ ਉਨ੍ਹਾਂ ਸ਼ਬਦਾਂ ਨੂੰ (missing Letters ਭਰ ਕੇ) ਪੂਰਾ ਕਰੇਗੀ।<br>4. **Pronunciation** - ਇਸ ਵਿੱਚ ਵਿਦਿਆਰਥੀਆਂ ਨੂੰ 3 ਸ਼ਬਦ English ਵਿੱਚ display ਜਾਣਗੇ ਜਿਹੜੇ ਕਿ ਟੀਮਾਂ ਨੇ ਠੀਕ ਢੰਗ ਨਾਲ ਬੋਲ ਕੇ ਦੱਸਣੇ ਹੋਣਗੇ( to check correct pronunciation)<br>5. **Jumble Words:-** ਇਸ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਨੂੰ 5 jumble words ਦਿੱਤੇ ਜਾਣਗੇ ਜਿਹੜੇ ਕਿ ਉਹਨਾਂ ਨੇ ਸਹੀ ਕਰਕੇ, ਸਹੀ ਸ਼ਬਦ ਲਿਖਣੇ ਹੋਣਗੇ। | 6ਵੀ , 7ਵੀਂ ਅਤੇ 8ਵੀਂ ਜਮਾਤ ਦੇ ਸਮੂਹ ਵਿਦਿਆਰਥੀ |

| | | | |
|---|---|---|---|
| 3. | 13.02.2018<br>ਜ਼ਿਲ੍ਹਾ ਪੱਧਰ ਦੇ ਇਨ੍ਹਾਂ ਮੁਕਾਬਲਿਆਂ ਦਾ ਸਮਾਂ ਡੀ.ਐਮ. ਅੰਗਰੇਜ਼ੀ ਅਤੇ ਜ਼ਿ. ਸਿੱਖਿਆ ਅਫਸਰ (ਸ.ਸ) ਮਿਲ ਕੇ ਨਿਰਧਾਰਿਤ ਕਰਨਗੇ। | ਜਿਲ੍ਹਾ ਪੱਧਰ:-<br>1. **Words in word:-** ਇਸ ਵਿੱਚ ਭਾਗ ਲੈਣ ਵਾਲੀ ਹਰੇਕ ਟੀਮ ਨੂੰ ਇੱਕ ਸ਼ਬਦ ਦਿੱਤਾ ਜਾਵੇਗਾ। ਵਿਦਿਆਰਥੀ ਨੇ ਉਸ ਇੱਕ ਸ਼ਬਦ ਤੋਂ ਕਈ ਸਾਰੇ ਸ਼ਬਦ ਬਣਾਉਣੇ ਹੋਣਗੇ। ਵਿਦਿਆਰਥੀ ਇਸ ਲਈ Word 'ਚ ਲਿਖੇ ਹੋਏ Letters ਦੀ ਹੀ ਵਰਤੋਂ ਕਰ ਸਕੇਗਾ, ਹੋਰ ਕੋਈ letter ਨਹੀਂ।ਇਸ ਲਈ ਸਮਾਂ 1 ਮਿੰਟ ਦਾ ਹੋਵੇਗਾ।<br>2. **Dictation:-** ਇਸ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਨੂੰ 10 ਸ਼ਬਦ ਬੋਲੇ ਜਾਣਗੇ ਜਿਹੜੇ ਕਿ ਵਿਦਿਆਰਥੀਆਂ ਨੇ ਸਹੀ spellings ਮੁਤਾਬਿਕ ਲਿਖਣੇ ਹੋਣਗੇ।<br>3. **Word Antakshri :-** ਇਸ ਵਿੱਚ ਭਾਗ ਲੈਣ ਵਾਲੀਆਂ ਟੀਮਾਂ ਵਿੱਚੋਂ ਹਰੇਕ ਟੀਮ ਇੱਕ ਸ਼ਬਦ ਤੋਂ ਸ਼ੁਰੂ ਕਰਕੇ 30 ਸਕਿੰਟਾਂ ਵਿੱਚ ਵੱਧ ਤੋਂ ਵੱਧ ਸ਼ਬਦ ਬੋਲਣਗੀਆਂ ਲੇਕਿਨ ਬੋਲੇ ਗਏ ਸ਼ਬਦ ਦਾ ਅਖੀਰਲਾ ਅੱਖਰ, ਅਗਲੇ ਸ਼ਬਦ ਦਾ ਪਹਿਲਾ ਅੱਖਰ ਹੋਵੇਗਾ।<br>e.g. Book- Kite- egg- girl<br>4. **Theme Based words:-** ਇਸ ਵਿੱਚ ਹਰੇਕ ਟੀਮ ਨੂੰ ਇੱਕ theme ਦਿੱਤਾ ਜਾਵੇਗਾ ਜਿਸ ਤੇ ਅਧਾਰਿਤ ਉਹਨਾਂ ਨੇ ਵੱਧ ਤੋਂ ਵੱਧ ਸ਼ਬਦ ਬੋਲਣੇ ਹੋਣਗੇ। ਇਸ ਲਈ ਨਿਰਧਾਰਿਤ ਸਮਾਂ 1 ਮਿੰਟ ਦਾ ਹੋਵੇਗਾ।<br>5. **Tell the Opposite words:-** ਇਸ ਵਿੱਚ ਭਾਗ ਲੈਣ ਵਾਲੀ ਹਰੇਕ ਟੀਮ ਨੂੰ Box 'ਚ ਪਏ Words ਦੀਆਂ slips ਵਿੱਚੋਂ slip ਨੂੰ ਚੁਕੇਗਾ ਅਤੇ ਉਸ ਤੇ ਲਿਖੇ ਹੋਏ 5 ਸ਼ਬਦ ਦਾ ਵਿਰੋਧੀ ਸ਼ਬਦ (Antonyms) ਦੱਸੇਗਾ।<br>**Note:- 1000 Words Competition**<br>ਇਸ ਵਿੱਚ ਹਰ ਟੀਮ ਦਾ ਹਰੇਕ ਵਿਗਿਆਰਥੀ ਵੱਖਰੇ ਤੌਰ ਤੇ ਭਾਗ ਲੈ ਸਕਦਾ ਹੈ । 1000 Words ਵਿੱਚੋਂ ਵੱਧ ਤੋਂ ਵੱਧ ਸ਼ਬਦ ਬੋਲਣ ਵਾਲਾ ਵਿਦਿਆਰਥੀ ਜੇਤੂ ਹੋਵੇਗਾ ਪਰੰਤੂ ਇਹਨਾਂ ਸ਼ਬਦਾਂ ਨੂੰ ਬੋਲਦਿਆਂ 15 ਸਕਿੰਟ ਤੋਂ ਵੱਧ (Pause) ਨਹੀਂ ਹੋਣਾ ਚਾਹੀਦਾ । | 6ਵੀ , 7ਵੀਂ ਅਤੇ 8ਵੀਂ ਜਮਾਤ ਦੇ ਸਮੂਹ ਵਿਦਿਆਰਥੀ |

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਸਹੀ/- ਡਾਇਰੈਕਟਰ
ਐਸ.ਸੀ.ਈ.ਆਰ.ਟੀ,ਪੰਜਾਬ

**ਪਿੱਠ ਅੰਕਣ ਨੰ: ਐਸ.ਸੀ.ਈ.ਆਰ.ਟੀ./ਸਸਅ/2018/2018 1645-1666 ਮਿਤੀ: 09.02.18**
ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਡੀ.ਐਮ. ਅਤੇ ਬੀ.ਐਮ (ਅੰਗਰੇਜ਼ੀ)
2. ਡੀ.ਐਮ (MIS) ਨੂੰ ਵੈਬਸਾਈਟ ਤੇ ਪਾਉਣ ਹਿੱਤ।

**ਡਾਇਰੈਕਟਰ**
**ਐਸ.ਸੀ.ਈ.ਆਰ.ਟੀ,ਪੰਜਾਬ**